# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
2. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ
3. ਸਮੂਹ ਜ਼ਿਲ੍ਹਾ ਮੈਥ ਕੋਆਰਡੀਨੇਟਰ
4. ਸਮੂਹ ਸਕੂਲ ਮੁੱਖੀ (ਵੈਬ-ਸਾਈਟ ਰਾਹੀਂ)

ਮੀਮੋ ਨੰ.: ਸਸਅ/ਐਮਸੀ/2011/16276-16321
ਮਿਤੀ, ਚੰਡੀਗੜ੍ਹ 11-02-2011

ਵਿਸ਼ਾ:- ਰਾਜ ਪੱਧਰੀ ਪਹਾੜਿਆਂ ਦਾ ਕੁਇਜ਼ ਮੁਕਾਬਲਾ ਕਰਵਾਉਣ ਸਬੰਧੀ।

ਹਵਾਲਾ :- ਇਸ ਦਫ਼ਤਰ ਦੇ ਪੱਤਰ ਨੰ. ਸਸਅ/ਐਮਸੀ/2010/000213-273, ਮਿਤੀ 3-01-2011 ਦੀ ਲਗਾਤਾਰਤਾ ਵਿਚ।

1.0 ਉਪਰੋਕਤ ਹਵਾਲਾ ਅਧੀਨ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਮੇਂ ਤੇ ਸਮੇਂ ਤੇ ਸਿੱਖਿਆ ਵਿਭਾਗ ਵੱਲੋਂ ਸਿੱਖਿਆ ਦੇ ਮਿਆਰ ਵਿਚ ਸੁਧਾਰ ਲਿਆਉਣ ਲਈ ਬਹੁਤ ਸਾਰੇ ਕਦਮ ਚੁੱਕੇ ਗਏ ਹਨ ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਸਿੱਖਿਆ ਵਿਭਾਗ ਵੱਲੋਂ "ਕੁਆਲਟੀ ਇਮਪੂਰਵਮੈਂਟ ਇਨ ਮੈਥ ਐਂਡ ਡਿਵੈਲਪਮੈਂਟ" ਪ੍ਰੋਜੈਕਟ ਚਲਾਇਆ ਜਾ ਰਿਹਾ ਹੈ ਜਿਸ ਅਧੀਨ ਰਾਜ ਦੇ ਸਮੂਹ ਸਰਕਾਰੀ ਅੱਪਰ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਲਈ ਪਹਾੜਿਆਂ ਦਾ ਕੁਇਜ਼ ਮੁਕਾਬਲਾ ਕਰਾਉਣ ਦਾ ਫੈਸਲਾ ਲਿਆ ਗਿਆ ਸੀ। ਇਸ ਮੁਕਾਬਲੇ ਦੇ ਬਲਾਕ ਪੱਧਰ ਅਤੇ ਜ਼ਿਲ੍ਹਾ ਪੱਧਰ ਦੇ ਮੁਕਾਬਲੇ ਹੋ ਚੁੱਕੇ ਹਨ ਅਤੇ ਇਸ ਮੁਕਾਬਲੇ ਦੀ ਅੰਤਿਮ ਕੜੀ " ਰਾਜ ਪੱਧਰੀ ਮੁਕਾਬਲਾ " ਮਿਤੀ 18.02.2011 ਨੂੰ ਹੋ ਰਿਹਾ ਹੈ। ਇਸ ਮੁਕਾਬਲੇ ਵਿੱਚ ਜ਼ਿਲ੍ਹਾ ਪੱਧਰ ਦੀ ਜੇਤੂ ਟੀਮ ਹਿੱਸਾ ਲਏਗੀ।

- ਇਹ ਮੁਕਾਬਲਾ ਆਰ.ਐਸ.ਮਾਡਲ.ਸੀ.ਸੈ.ਸਕੂਲ, ਲੁਧਿਆਣਾ ਵਿਚ 11:00 ਵਜੇ ਤੋਂ 1:00 ਵਜੇ ਤੱਕ ਕਰਵਾਇਆ ਜਾ ਰਿਹਾ ਹੈ।
- ਇਹ ਰਾਜ ਪੱਧਰੀ ਸਮਾਗਮ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),ਲੁਧਿਆਣਾ ਦੀ ਦੇਖ-ਰੇਖ ਵਿਚ ਹੋਵੇਗਾ ਅਤੇ ਇਸ ਮੁਕਾਬਲੇ ਦਾ ਨੋਡਲ ਅਫ਼ਸਰ ਜ਼ਿਲ੍ਹਾ ਮੈਥ ਕੋਆਰਡੀਨੇਟਰ, ਲੁਧਿਆਣਾ ਹੋਵੇਗਾ।ਇਸ ਮੁਕਾਬਲੇ ਦਾ ਖਰਚਾ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),ਲੁਧਿਆਣਾ ਨੂੰ ਮੈਨੇਜਮੈਂਟ ਕੋਸਟ ਵਿੱਚ ਕਰਵਾਉਣ ਦੀ ਹਦਾਇਤ ਕੀਤੀ ਜਾਂਦੀ ਹੈ।
- ਸਮੂਹ ਜ਼ਿਲ੍ਹਾ ਮੈਥ ਕੋਆਰਡੀਨੇਟਰ ਆਪਣੀਆਂ ਜੇਤੂ ਟੀਮਾਂ ਦੇ ਵੇਰਵੇ ਅਤੇ ਟੀਮਾਂ ਨਾਲ ਆਉਣ ਵਾਲੇ ਅਧਿਆਪਕ ਦੇ ਵੇਰਵੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਲੁਧਿਆਣਾ ਨੂੰ ਰਜਿਟ੍ਰੇਸ਼ਨ ਲਈ ਮਿਤੀ 15-02-2011 ਤੱਕ ਭੇਜ ਦੇਣ ਅਤੇ ਜੇਕਰ ਕੋਈ ਟੀਮ ਦੂਰੀ ਕਰਕੇ ਇਕ ਦਿਨ ਪਹਿਲਾਂ ਲੁਧਿਆਣਾ ਵਿਖੇ ਪਹੁੰਚਣਾ ਚਾਹੁੰਦੀ ਹੈ ਤਾਂ ਸ਼੍ਰੀ ਸੰਜੀਵ ਕੁਮਾਰ ਤਨੇਜਾ, ਜ਼ਿਲ੍ਹਾ ਮੈਥ ਕੋਆਰਡੀਨੇਟਰ ਨੂੰ 98765-43198,

94635-98372 ਸਪੰਰਕ ਕਰਕੇ ਨੋਟ ਕਰਵਾ ਦੇਣ ਤਾਂ ਜੋ ਉਹਨਾਂ ਦੇ ਠਹਿਰਣ ਦਾ ਪ੍ਰਬੰਧ ਕੀਤਾ ਜਾ ਸਕੇ। ਵਧੇਰੇ ਜਾਣਕਾਰੀ ਲਈ ਫੋਨ ਨੰ. 9888028002 ਤੇ ਸਪੰਰਕ ਕੀਤਾ ਜਾ ਸਕਦਾ ਹੈ।

- ਰਾਜ ਪੱਧਰੀ ਸਮਾਗਮ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆ ਅਤੇ ਅਧਿਆਪਕ ਦੇ ਆਉਣ ਜਾਣ ਦਾ ਖਰਚਾ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਮੈਨੇਜਮੈਂਟ ਕੋਸਟ ਤੋਂ ਕਰਨਗੇ।
- ਰਾਜ ਪੱਧਰੀ ਸਮਾਗਮ ਵਿੱਚੋਂ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਕ੍ਰਮਵਾਰ 2000/-,1500/- ਅਤੇ 1000/- ਰੁੱਪਏ ਨਕਦ ਦਿੱਤੇ ਜਾਣਗੇ।

3.0 ਰਾਜ ਪੱਧਰੀ ਪਹਾੜਿਆਂ ਦੇ ਕੁਇਜ਼ ਮੁਕਾਬਲੇ ਪ੍ਰਤੀ ਹਦਾਇਤਾਂ ਇਸ ਪ੍ਰਕਾਰ ਹਨ:

- ਰਾਜ ਪੱਧਰੀ ਪਹਾੜਿਆਂ ਦੇ ਕੁਇਜ਼ ਮੁਕਾਬਲੇ ਵਿੱਚ ਭਾਗ ਲੈਣ ਵਾਲੀ ਟੀਮਾਂ ਦਾ ਜੁਬਾਨੀ ਮੁਕਾਬਲਾ (ਕੁਇਜ਼ ਦੇ ਰੂਪ ਵਿੱਚ) ਕਰਵਾਇਆ ਜਾਵੇਗਾ।
- ਪ੍ਰਸ਼ਨ 35 ਤੱਕ ਦੇ ਪਹਾੜਿਆਂ, ਟੋਕਵੇਂ ਪਹਾੜੇ, ਪਹਾੜਿਆਂ ਦੇ ਗੁਣਜ ਅਤੇ ਇੱਕ ਤੋਂ ਲੈ ਕੇ 20 ਤੱਕ ਪਹਿਲੀਆਂ ਪ੍ਰਾਕ੍ਰਿਤਿਕ ਸੰਖਿਆਵਾਂ ਦੇ ਵਰਗ ਅਤੇ ਘਣ ਵਿੱਚੋਂ ਆਉਣਗੇ ਅਤੇ ਇਸ ਵਿੱਚੋਂ ਕਿਸੇ ਵੀ ਪ੍ਰਕਾਰ ਦਾ ਪ੍ਰਸ਼ਨ ਪੁੱਛਿਆ ਜਾ ਸਕਦਾ ਹੈ।
- ਇਸ ਮੁਕਾਬਲੇ ਵਿੱਚ ਚਾਰ ਰਾਊਂਡ ਹੋਣਗੇ। ਜਿੰਨਾ ਨੂੰ ਲੋੜ ਅਨੁਸਾਰ ਵਧਾਇਆ ਜਾ ਸਕਦਾ ਹੈ।
- ਹਰੇਕ ਪ੍ਰਸ਼ਨ ਦੇ ਦੋ ਅੰਕ ਹੋਣਗੇ।
- ਹਰੇਕ ਪ੍ਰਸ਼ਨ ਦਾ ਉੱਤਰ ਦੇਣ ਲਈ 20 ਸੈਕਿੰਡ ਦਿੱਤੇ ਜਾਣਗੇ।
- ਜੇਕਰ ਟੀਮ ਉਤਰ ਨਾ ਦੇ ਸਕੇ ਜਾਂ ਗਲਤ ਉਤਰ ਹੋਵੇ ਤਾਂ ਪ੍ਰਸ਼ਨ ਅਗਲੀ ਟੀਮ ਨੂੰ ਪਾਸ ਕਰ ਦਿੱਤਾ ਜਾਵੇਗਾ ਅਤੇ ਜੋ ਟੀਮ ਅਜਿਹੇ ਪਾਸ ਕੀਤੇ ਪ੍ਰਸ਼ਨ ਦਾ ਸਹੀ ਉਤਰ ਦੇਵੇਗੀ ਉਸ ਨੂੰ '1' ਅੰਕ ਪ੍ਰਾਪਤ ਹੋਵੇਗਾ।

4.0 ਉਪਰੋਕਤ ਦਰਸਾਈਆ ਹਦਾਇਤਾਂ ਅਨੁਸਾਰ ਕਾਰਵਾਈ ਕਰਨਾ ਯਕੀਨੀ ਬਣਾਇਆ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ